ਆਓ! ਨਵੀਂ ਪੀੜ੍ਹੀ ਨੂੰ ਗੁਰੂ ਵਿਰਸੇ ਨਾਲ ਜੋੜਣ ਲਈ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ, ਕੈਲਗਰੀ ਵੱਲੋਂ ਚਲਾਈ 'ਗੁਰ ਗਿਆਨ ਪ੍ਰਚਾਰ ਲਹਿਰ' ਦੇ ਹਿੱਸੇਦਾਰ ਬਣੀਏ। ਆਪਣੇ ਬੱਚਿਆਂ ਨੂੰ ਗੁਰੂ ਘਰ ਵਿੱਚ ਹੋ ਰਹੇ ਹਫਤਾਵਾਰੀ ਬਾਲ ਦਰਬਾਰ ਅਤੇ ਯੂਥ ਦਰਬਾਰ ਵਿੱਚ (ਹਰੇਕ ਹਫਤੇ) ਭੇਜੀਏ ਅਤੇ ਨਵੀਂ ਪੀੜ੍ਹੀ ਅੰਦਰ ਗੁਰੂ ਵਿਰਸੇ ਦਾ ਪਿਆਰ ਜਗਾਈਏ!

DASHMESH CULTURE CENTRE CALGARY SIKH GURDWARA

# ਇੱਕ ਮਾਂ

ਇੱਕ ਮਾਂ ਦਾ ਪੁੱਤ ਅਤੇ ਉਸ ਦੀ ਧੀ, ਆਪਣੀ ਮਾਂ ਨੂੰ ਕਹਿ ਰਹੇ ਸਨ ਕਿ, ਮਾਂ ਜਿੱਥੇ ਸਾਡੇ ਮਿੱਤਰ ਦੋਸਤ ਹੁੰਦੇ ਹਨ ਉੱਥੇ ਤੂੰ ਨਾ ਆਇਆ ਕਰ। ਜਦੋਂ ਅਸੀਂ ਇੱਕ ਦੂਜੇ ਨਾਲ ਗੱਲਾਂ ਕਰਦੇ ਹਾਂ ਤਾਂ ਅਸੀਂ ਤੇਰੇ ਨਾਲ ਗੱਲਬਾਤ ਕਰਦੇ, ਆਪਣੇ ਆਪ ਨੂੰ ਅਸਹਿਜ (uncomfortable) ਮਹਿਸੂਸ ਕਰਦੇ ਹਾਂ। ਜੇ ਅਸੀਂ ਤੇਰੇ ਨਾਲ ਖੜ੍ਹਦੇ ਹਾਂ ਤਾਂ ਸਾਡੀ ਬੇ-ਇਜ਼ਤੀ ਹੁੰਦੀ ਹੈ ਅਤੇ ਸਾਨੂੰ ਇੰਜ ਮਹਿਸੂਸ ਹੁੰਦਾ ਹੈ ਕਿ ਸਾਨੂੰ ਲੋਕ ਪਛੜੇ ਹੋਏ ਸਮਝ ਰਹੇ ਹਨ। ਬੈਸੇ ਵੀ ਸਾਨੂੰ ਬਹੁਤ ਔਖਾ ਲੱਗਦਾ ਹੈ ਤੇਰੇ ਨਾਲ ਗੱਲ ਕਰਨੀ। ਜਦੋਂ ਅਸੀਂ ਆਪਣੇ ਗੁਰੂ ਸਾਹਿਬਾਨਾਂ ਅਤੇ ਗੁਰ-ਇਤਿਹਾਸ ਬਾਰੇ ਗੱਲਾਂ ਕਰੀਏ ਤਾਂ ਉਸ ਵੇਲੇ ਵੀ ਤੂੰ ਸਾਡੇ ਕੋਲ ਨਾ ਹੋਇਆ ਕਰ।*

ਮਾਂ ਕਹਿੰਦੀ, "ਮੇਰੇ ਪੁੱਤਰੋ ਅਤੇ ਧੀਓ! ਇਹ ਤਾਂ ਦੱਸ ਦੇਵੋ ਕਿ, ਕੀ ਮੈਂ ਆਪਣੇ ਪੋਤਰੇ ਅਤੇ ਪੋਤਰੀਆਂ ਕੋਲ ਜਾ ਸਕਦੀ ਹਾਂ?" ਤਾਂ ਉਹ ਕਹਿਣ ਲੱਗੇ ਕਿ, "ਮਾਂ ਅਸਲ ਗੱਲ ਇਹ ਹੈ ਸਾਡੇ ਬੱਚਿਆਂ ਨੂੰ ਤਾਂ ਤੇਰੀ ਬਿਲਕੁੱਲ ਵੀ ਸਮਝ ਨਹੀਂ ਲੱਗ ਰਹੀ। ਉਹ ਤਾਂ ਤੈਨੂੰ ਬਿਲਕੁੱਲ ਵੀ ਪਸੰਦ ਨਹੀਂ ਕਰਦੇ।"

ਇਹ ਕਹਾਣੀ ਪੜ੍ਹਣ ਵਾਲੇ 'ਸੋਚ ਕੇ ਦੱਸਣ' ਕਿ ਉਸ ਮਾਂ ਬਾਰੇ, ਉਹਨਾਂ ਦੇ ਪੁੱਤਰ-ਧੀਆਂ ਅਤੇ ਅੱਗੋਂ ਉਹਨਾਂ ਦੇ ਬੱਚਿਆਂ ਬਾਰੇ, ਤੁਹਾਡੇ ਮਨ ਵਿੱਚ ਕੀ ਕੀ ਖਿਆਲ ਚੱਲ ਰਹੇ ਹਨ?

* ਹੁਣ ਮੈਂ ਤੁਹਾਨੂੰ ਇਹ ਵੀ ਦੱਸ ਦੇਵਾਂ ਕਿ ਉਹ ਇੱਕ ਮਾਂ ਕਿਸੇ ਹੋਰ ਦੀ ਮਾਂ ਨਹੀਂ, ਸਗੋਂ ਸਾਡੀ ਸਾਰਿਆਂ ਦੀ ਮਾਂ ਹੈ। ਉਸ ਨੂੰ 'ਪੰਜਾਬੀ ਬੋਲੀ' ਕਹਿੰਦੇ ਹਨ। ਪੰਜਾਬੀ ਸਿਰਫ ਮਾਂ ਬੋਲੀ ਹੀ ਨਹੀਂ ਸਗੋਂ ਸਾਡੇ ਗੁਰੂ ਸਾਹਿਬਾਨਾਂ ਦੀ ਬੋਲੀ ਵੀ ਹੈ।

ਅੱਜ ਸੋਚਣਾ ਪਵੇਗਾ ਕਿ ਨਵੀਂ ਪੀੜ੍ਹੀ ਦੇ ਅਨਭੋਲ ਸਿੱਖ ਬੱਚੇ-ਬੱਚੀਆਂ, ਸਿੱਖ ਨੌਜਵਾਨ ਵੀਰ-ਭੈਣਾਂ, ਆਪਣੀ ਮਾਂ (ਪੰਜਾਬੀ ਬੋਲੀ) ਨਾਲ ਅਸਹਿਜ (uncomfortable) ਕਿਉਂ ਮਹਿਸੂਸ ਕਰ ਰਹੇ ਹਨ। ਗੁਰੂ ਸਾਹਿਬ ਜੀ ਵੱਲੋਂ ਮਿਲੀ ਪਿਆਰੀ ਅਤੇ ਕੀਮਤੀ ਦਾਤ (ਆਪਣੀ ਮਾਂ) "ਪੰਜਾਬੀ ਬੋਲੀ" ਤੋਂ ਸਿੱਖ ਬੱਚੇ ਅੱਜ ਦੂਰ ਕਿਉਂ ਹੋ ਰਹੇ ਹਨ।

ਇਹ ਕਸੂਰ ਸਿਰਫ ਨਵੀਂ ਪੀੜ੍ਹੀ ਦਾ ਹੀ ਨਹੀਂ, ਕਿਤੇ ਨਾ ਕਿਤੇ ਸਾਡਾ ਸਾਰਿਆਂ ਦਾ ਵੀ ਹੈ। ਅਸੀਂ ਕਿਤੇ ਸੁਆਰਥੀ ਜਿਹੇ ਹੋ ਕੇ, ਨਵੀਂ ਪੀੜ੍ਹੀ ਅੰਦਰ ਗੁਰੂ ਵਿਰਸੇ ਦੇ ਪਿਆਰ ਦੀਆਂ 'ਲੋਰੀਆਂ ਦੇਣ ਵਾਲੀ' (ਆਪਣੀ ਮਾਂ) "ਪੰਜਾਬੀ

To read in English, please see the back side.

Come on! Join the 'Gur Gyan Prachar Lehar' run by Gurdwara Dashmesh Culture Center, Calgary to connect the new generation with the Guru's heritage. Send your children to the weekly Bal Darbar and Youth Darbar (every week) at Guru Ghar and awaken the love of Guru's heritage in the new generation!

# A mother

***A son and her daughter were telling their mother, "Mother, don't come where our friends are." When we talk to each other we feel uncomfortable talking to you. If we stand with you, we feel disgraced and feel like people will consider us backward. Even so, we find it very difficult to talk to you. Don't be with us, when we talk about our Gurus and Guru's-History.***

***The mother says, "*My sons and daughters! Tell me, can I sit with my grandchildren and my grand daughters?" Then they began to say, "Mother, the fact is that our children do not understand you at all. They don't like you."***

***Let the readers of this story tell us about what they think about that mother, her son, daughter and their children.***

**** Now let me also tell you that she is not the mother of anyone but the mother of us all. It is called 'Punjabi'. Punjabi is not only our mother tongue but also our Guru's language.***

Today, we need to wonder why the new generation of innocent Sikh children, young Sikh brothers and sisters feel uncomfortable with their mother (Punjabi language). Why are the children getting away from their mother (Punjabi language), the lovely and precious gift they have received from Guru Sahib Ji?

This is not just the fault of the new generation but of all of us. Why are we being selfish and indulging in the spread and propagation of our mother (Punjabi language) who is giving love lullabies of Guru's heritage to the new generation?

ਪੰਜਾਬੀ ਵਿੱਚ ਪੜ੍ਹਣ ਲਈ, ਪਿੱਛਲੇ ਪੰਨੇ ਤੇ ਦੇਖੋ ਜੀ